ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ(ਐਲੀਮੈਂਟਰੀ ) ,ਪੰਜਾਬ।
ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ ,ਬਲਾਕ ਈ,ਛੇਵੀ ਮੰਜਿਲ,ਫੇਜ-8,ਐਸ.ਏ.ਐਸ.ਨਗਰ ।
(ਬਜਟ ਸ਼ਾਖਾ)

ਵੱਲ,

ਸਮੂਹ ਦਫਤਰ ਜਿਲ੍ਹਾ ਸਿੱਖਿਆ ਅਫਸਰ(ਐਸਿ),
ਪੰਜਾਬ

**File No:** 487424/2025 / 332
ਮਿਤੀ.ਐਸ.ਏ.ਐਸ.ਨਗਰ: 02/5/25

ਵਿਸਾ- ਵਿੱਤੀ ਸਾਲ 2024-25 ਦੀਆਂ ਪੈਡਿੰਗ ਮੰਨਜੂਰੀਆਂ ਨਵੇਂ ਵਿੱਤੀ ਸਾਲ 2025-26 ਵਿੱਚ ਰੀਵੈਲੀਡੇਟ ਕਰਵਾਉਣ ਸਬੰਧੀ।

ਉਪਰੋਕ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਵਿੱਤੀ ਸਾਲ 2024-25 ਵਿੱਚ ਇਸ ਵਿਭਾਗ ਵੱਲੋ ਜਾਰੀ ਕੀਤੀਆਂ ਗਈਆਂ ਜਿੰਨਾਂ ਮੰਨਜੂਰੀਆਂ ਦੀ ਅਦਾਇਗੀ ਵਿੱਤੀ ਵਰ੍ਹਾ ਸਮਾਂਪਤ ਹੋ ਜਾਣ ਕਾਰਨ ਅਜੇ ਤੱਕ ਨਹੀ ਹੋਈ ਹੈ,ਹੇਠ ਦਰਸਾਏ ਪ੍ਰਫਾਰਮੇ ਅਨੁਸਾਰ ਸੂਚਨਾ ਭਰ ਅਸਲ ਮੰਨਜੂਰੀਆਂ ਦੀਆਂ ਸਾਰੀਆਂ 4 ਕਾਪੀਆਂ ਇਸ ਦਫਤਰ ਨੂੰ ਜਮ੍ਹਾਂ ਕਰਵਾਈਆ ਜਾਣ।

ਸਾਲ 2024-25 ਦੇ ਪੈਡਿੰਗ ਬਿੱਲਾਂ ਦੀ ਸੂਚਨਾ ਭੇਜਣ ਸਬੰਧੀ ਪ੍ਰਫਾਰਮਾ

| ਜਿਲ੍ਹੇ ਦਾ ਨਾਮ | ਬਲਾਕ ਦਾ ਨਾਮ | ਸਟਾਫ ਆਈ.ਡੀ | ਕਰਮਚਾਰੀ ਦਾ ਨਾਮ | ਰਕਮ | ਮੱਦ ਬਜਟ | ਸੈਕਸ਼ਨ ਨੰਬਰ ਅਤੇ ਮਿਤੀ | ਸੈਕਸ਼ਨ ਪ੍ਰਾਪਤ ਹੋਣ ਦੀ ਮਿਤੀ | ਬਿੱਲ ਖਜਾਨੇ ਨਾ ਭੇਜਣ ਦਾ ਕਾਰਨ ਅਤੇ ਬਿੱਲ ਖਜਾਨੇ ਤੋ ਪਾਸ ਨਾ ਹੋਣ ਦਾ ਕਾਰਨ | ਸਾਲ 2024-25 ਵਿੱਚ 31-03-2025 ਨੂੰ ਬਜਟ ਦੀ ਬਕਾਇਆ ਰਾਸ਼ੀ (ਮੱਦ ਅਨੁਸਾਰ) |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |

ਸਮੂਹ ਦਫਤਰ ਜਿਲ੍ਹਾ ਸਿੱਖਿਆ ਅਫਸਰ (ਐਸਿ) ਆਪਣੇ ਅਧੀਨ ਆਉਂਦੇ ਸਮੂਹ ਬੀਪੀਈਓ/ਡੀਡੀਓਜ ਤੋ ਸਾਲ 2024-25 ਦੀਆਂ ਪੈਡਿੰਗ ਮੰਨਜੂਰੀਆਂ ਦੀਆਂ ਸਾਰੀਆਂ ਚਾਰ-ਚਾਰ ਕਾਪੀਆਂ ਇੱਕਤਰ ਕਰਨ ਉਪਰੰਤ ਕੰਸੋਲੀਡੇਟ ਕਰਕੇ ਮਿਤੀ 15-05-2025 ਤੱਕ ਹਰ ਹਾਲਤ ਵਿੱਚ ਮੁੱਖ ਦਫਤਰ ਵਿਖੇ ਨਿੱਜੀ ਪੱਧਰ ਤੇ ਆ ਕੇ ਚੈਕ ਕਰਵਾਉਣ ਉਪਰੰਤ ਜਮਾਂ ਕਰਵਾਈਆਂ ਜਾਣਾ ।ਸਮੂਹ ਦਫਤਰ ਜਿਲ੍ਹਾ ਸਿੱਖਿਆ ਅਫਸਰ (ਐਸਿ) ਵੱਲੋ ਪੈਡਿੰਗ ਮੰਨਜੂਰੀਆਂ ਪੋਸਟ(ਡਾਕ ਰਾਹੀਂ ਨਾ ਭੇਜੀਆਂ ਜਾਣ) ਨਾ ਕੀਤੀਆਂ ਜਾਣ।

ਇਹ ਵੀ ਧਿਆਨ ਵਿੱਚ ਆਇਆ ਹੈ ਕਿ ਪਿਛਲੇ ਵਿੱਤੀ ਸਾਲ ਵਿੱਚ ਵੀ ਨਿਸ਼ਚਿਤ ਮਿਤੀ ਤੋਂ ਬਾਅਦ ਵੀ ਪੈਡਿੰਗ ਮੰਨਜੂਰੀਆਂ ਸਮੂਹ ਜਿਲ੍ਹਿਆ ਵੱਲੋ ਇਸ ਵਿਭਾਗ ਨੂੰ ਪ੍ਰਾਪਤ ਹੁੰਦੀਆਂ ਰਹੀਆਂ ਸਨ ਅਤੇ ਇਸ ਦੇ ਨਾਲ ਹੀ ਬੀਪੀਈਓ ਵੱਲੋ ਸਿੱਧੇ ਤੌਰ ਤੇ ਮੰਨਜੂਰੀਆਂ ਮੁੱਖ ਦਫਤਰ ਨੂੰ ਭੇਜੀਆ ਜਾਂਦੀਆ ਰਹੀਆਂ ਸਨ।ਇਸ ਲਈ ਸਮੂਹ ਦਫਤਰ ਜਿਲ੍ਹਾ ਸਿੱਖਿਆ ਅਫਸਰ(ਐਸਿ) ਪੰਜਾਬ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਸਮੂਹ ਬੀਪੀਈਓ ਨੂੰ ਪੱਤਰ ਲਿਖ ਕੇ ਸੂਚਿਤ ਕਰ ਦਿੱਤਾ ਜਾਵੇ ਕਿ ਉਨਾਂ ਵੱਲੋ ਪੈਡਿੰਗ ਮੰਨਜੂਰੀਆਂ ਸਿੱਧੇ ਤੌਰ ਤੇ ਮੁੱਖ ਦਫਤਰ ਵਿਖੇ ਨਾ ਭੇਜੀਆਂ ਜਾਣ ।ਬੀਪੀਈਓ ਵੱਲੋ ਸਿੱਧੇ ਤੌਰ ਤੇ ਭੇਜੀਆਂ ਜਾਣ ਵਾਲੀਆਂ ਸੈਕਸ਼ਨਾ ਨੂੰ ਵਿਚਾਰਿਆਂ ਨਹੀ ਜਾਵੇਗਾ।ਕੇਵਲ ਯੋਗ ਪ੍ਰਣਾਲੀ ਰਾਹੀਂ ਹੀ ਮੁੱਖ ਦਫਤਰ ਵਿਖੇ 2024-25 ਦੀਆਂ ਪੈਡਿੰਗ ਪਈਆਂ ਮੰਨਜੂਰੀਆਂ ਚੈਕ ਕਰਵਾਉਣ ਉਪਰੰਤ ਜਮਾਂ ਕਰਵਾਈਆਂ ਜਾਣ ਤਾਂ ਜੋ ਪਿਛਲੇ ਵਿੱਤੀ ਸਾਲ ਦੀਆਂ ਪੈਡਿੰਗ ਮੰਨਜੂਰੀਆਂ ਵਿੱਤੀ ਸਾਲ 2025-26 ਵਿੱਚ ਜਲਦ ਤੋ ਜਲਦ ਰੀਵੈਲੀਡੇਟ ਕੀਤੀਆਂ ਜਾਂ ਸਕਣ ।

ਨੋਟ:- 1) ਇਹ ਵੀ ਧਿਆਨ ਵਿੱਚ ਰੱਖਿਆ ਜਾਵੇ ਕਿ ਸਮੂਹ ਦਫਤਰ ਜਿਲ੍ਹਾ ਸਿੱਖਿਆ ਅਫਸਰ(ਐਸਿ) ਵੱਲੋ ਨਿਸ਼ਚਿਤ ਮਿਤੀ 15-05-2025 ਤੋ ਬਾਅਦ ਪ੍ਰਾਪਤ ਪੈਡਿੰਗ ਮੰਜੂਰੀਆਂ ਤੇ ਵਿਚਾਰ ਨਹੀ ਕੀਤਾ ਜਾਵੇਗਾ ਅਤੇ ਨਾਲ ਹੀ ਸਮੂਹ ਦਫਤਰ ਜਿਲ੍ਹਾ ਸਿੱਖਿਆ ਅਫਸਰ (ਐਸਿ) ਵੱਲੋ ਪੈਡਿੰਗ ਮੰਨਜੂਰੀਆਂ ਪੋਸਟ(ਡਾਕ ਰਾਹੀਂ ਨਾ ਭੇਜੀਆਂ ਜਾਣ) ਨਾ ਕੀਤੀਆਂ ਜਾਣ।

2) ਸਬੰਧਤ ਦਫਤਰ ਜਿਲ੍ਹਾ ਸਿੱਖਿਆ ਅਫਸਰ(ਐਸਿ) ਯਕੀਨੀ ਬਣਾਉਣ ਕਿ ਵਿੱਤੀ ਸਾਲ 2024-25 ਦੀਆਂ ਪੈਡਿੰਗ ਮੈਡੀਕਲ ਬਿੱਲਾਂ ਦੀਆਂ ਸਾਰੀਆਂ ਚਾਰ-ਚਾਰ ਅਸਲ ਮੰਨਜੂਰੀਆਂ ਆਪਣੇ ਅਧੀਨ ਸਮੂਹ ਬੀਪੀਈਓ/ਡੀਡੀਓਜ਼ ਤੋ ਇੱਕਤਰ ਕਰਨ ਉਪਰੰਤ ਮੁੱਖ ਦਫਤਰ ਵਿਖੇ ਨਿਸ਼ਚਿਤ ਮਿਤੀ ਤੋ ਪੁੱਜਦੀਆਂ ਕੀਤੀਆਂ ਜਾਣ ਜਿਸ ਵਿੱਚ ਸਬੰਧਤ ਖਜਾਨਾ ਅਫਸਰ ਅਤੇ ਸਬੰਧਤ ਬੀਪੀਈਓ ਦੀ ਕਾਪੀ ਭੇਜਣੀ ਲਾਜਮੀ ਹੋਵੇ।

3)ਸਮੂਹ ਦਫਤਰ ਜਿਲ੍ਹਾ ਸਿੱਖਿਆ ਅਫਸਰ(ਐਸਿ),ਪੰਜਾਬ ਵੱਲੋ ਇਹ ਸਰਟੀਫਿਕੇਟ ਵੀ ਦਿੱਤਾ ਜਾਵੇ ਕਿ ਇਸ ਤੋ ਇਲਾਵਾ ਆਪ ਜੀ ਦੇ ਦਫਤਰ ਵਿਖੇ ਕੋਈ ਹੋਰ ਸੈਕਸ਼ਨ ਪੈਡਿੰਗ ਨਹੀ ਹੈ।

2/5/25

ਸਹਾਇਕ ਡਾਇਰੈਕਟਰ (ਬਜਟ ਸ਼ਾਖਾ)